# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 11 ਅਪ੍ਰੈਲ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਚੇਅਰਮੈਨ ਦਰਸ਼ਨ ਸਿੰਘ ਮਾਹਲਾ ਅਤੇ ਰਣਜੀਤ ਕੌਰ ਨੇ ਪੰਚਾਇਤ ਸੰਮਤੀ ਲੁਧਿਆਣਾ ਦੋ ਦਾ ਸੰਭਾਲਿਆ ਅਹੁਦਾ ਉਚੇਚੇ ਤੌਰ ਤੇ ਪਹੁੰਚੇ ਮੰਤਰੀ ਹਰਦੀਪ ਸਿੰਘ ਮੁੰਡੀਆਂ

### ਚੇਅਰਮੈਨ ਅਤੇ ਵਾਈਸ ਚੇਅਰਮੈਨ ਆਪਣੇ ਤਜਰਬੇ ਅਤੇ ਮਿਹਨਤ ਨਾਲ ਇਲਾਕੇ ਦੇ ਵਿਕਾਸ ਨੂੰ ਦੇਣਗੇ ਨਵੀਂ ਦਿਸ਼ਾ-ਮੰਤਰੀ ਮੁੰਡੀਆਂ

### ਚੇਅਰਮੈਨ ਮਾਹਲਾ ਨੇ ਪਾਰਟੀ ਹਾਈ ਕਮਾਂਡ ਸਮੇਤ ਮੰਤਰੀ ਹਰਦੀਪ ਸਿੰਘ ਮੁੰਡੀਆਂ ਦਾ ਕੀਤਾ ਧੰਨਵਾਦ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 11 ਅਪ੍ਰੈਲ : ਲੁਧਿਆਣਾ ਬਲਾਕ ਸੰਮਤੀ ਬਲਾਕ 2 ਦੇ ਨਵੇਂ ਚੁਣੇ ਗਏ ਚੇਅਰਮੈਨ ਦਰਸ਼ਨ ਸਿੰਘ ਮਾਹਲਾ ਅਤੇ ਵਾਈਸ ਚੇਅਰਮੈਨ ਰਣਜੀਤ ਕੌਰ ਨੇ ਅੱਜ ਅਹੁਦਾ ਸੰਭਾਲਿਆ ਅਹੁਦਾ ਸੰਭਾਲਣ ਦੀ ਰਸਮ ਨੂੰ ਪੂਰਾ ਕਰਨ ਦੇ ਲਈ ਉਚੇਚੇ ਤੌਰ ਤੇ ਪੰਜਾਬ ਦੇ ਕੈਬਨਿਟ ਮੰਤਰੀ ਸਰਦਾਰ ਹਰਦੀਪ ਸਿੰਘ ਮੁੰਡੀਆਂ ਪਹੁੰਚੇ ਜਿੱਥੇ ਪਹੁੰਚਣ ਤੇ ਉਹਨਾਂ ਦਾ ਭਰਮਾ ਸਵਾਗਤ ਕੀਤਾ ਗਿਆ। ਮੰਤਰੀ ਮੁੰਡੀਆਂ ਨੇ ਚੇਅਰਮੈਨ ਅਤੇ ਵਾਈ ਚੇਅਰਮੈਨ ਨੂੰ ਕੁਰਸੀ ਤੇ ਬਿਠਾ ਕੇ ਅਹੁਦੇ ਦਾ ਚਾਰਜ ਸੰਭਾਲਿਆ ਗਿਆ। ਇਸ ਮੌਕੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੇ ਅਹੁਦਾ ਸੰਭਾਲਣ ਮੌਕੇ ਵੱਡੀ ਗਿਣਤੀ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਇਲਾਕਾ ਨਿਵਾਸੀ, ਬਲਾਕ ਸੰਮਤੀ ਮੈਂਬਰ ਸਾਹਿਬਾਨ, ਸਰਪੰਚ ਸਾਹਿਬਾਨ, ਬਲਾਕ ਪ੍ਰਧਾਨ ਸਾਹਿਬਾਨ ਆਦਿ ਹੋਰ ਪਾਰਟੀ ਦੇ ਸੀਨੀਅਰ ਆਗੂ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਇਸ ਮੌਕੇ ਪੱਤਰਕਾਰਾਂ ਨਾਲ




ਗੱਲਬਾਤ ਕਰਦਿਆਂ ਚੇਅਰਮੈਨ ਸਰਦਾਰ ਦਰਸ਼ਨ ਸਿੰਘ ਮਾਹਲਾ ਅਤੇ ਵਾਈਸ ਚੇਅਰਮੈਨ ਸਮਤੀ ਲੁਧਿਆਣਾ ਤੋਂ ਅਹੁਦਾ ਸੰਭਾਲਣ ਤੇ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਚੇਅਰਮੈਨ ਆਪਣੇ ਤਜਰਬੇ ਅਤੇ ਮਿਹਨਤ ਨਾਲ ਇਲਾਕੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣਗੇ। ਇਲਾਕੇ ਅੰਦਰ ਵੱਡੇ ਪੱਧਰ ਤੇ ਵਿਕਾਸ ਕਾਰਜਾਂ ਦੇ ਕੰਮ ਚੱਲ ਰਹੇ ਹਲਕੇ ਨੂੰ ਵੱਡੇ ਪੱਧਰ ਤੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਕਿਸੇ ਵੀ ਕੰਮ ਦੀ ਕੋਈ ਵੀ ਕਮੀ ਨਾ ਰਹੇ। ਉਨਾ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੀ ਇੱਕ ਅਜਿਹੀ ਪਹਿਲੀ ਪਾਰਟੀ ਹੈ ਜਿਸ ਨੇ ਪਹਿਲੇ ਚਾਰ ਸਾਲਾਂ ਦੌਰਾਨ ਹੀ ਪੰਜਾਬ ਦੇ ਲੋਕਾਂ ਨਾਲ ਕੀਤੇ ਹੋਏ ਸਾਰੇ ਵਾਅਦੇ ਪੂਰੇ ਕੀਤੇ ਹਨ। ਉਹਨਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂ ਸਾਨੂੰ ਬਦਨਾਮ ਕਰਨ ਦੀ ਕੋਸ਼ਿਸ਼ ਤਾਂ ਕਰ ਰਹੇ ਹਨ ਪਰ ਉਨਾਂ ਦੀ ਇੱਕ ਨਹੀਂ ਚੱਲ ਰਹੀ ਕਿਉਂਕਿ ਪੰਜਾਬ ਦਾ ਬੱਚਾ ਬੱਚਾ ਆਮ ਆਦਮੀ ਪਾਰਟੀ ਨੂੰ ਚਾਹੁੰਦਾ ਹੈ ਭਗਵੰਤ ਮਾਨ ਸਾਹਿਬ ਨੂੰ ਚਾਹੁੰਦਾ ਹੈ। ਉੱਥੇ ਹੀ ਦੂਜੇ ਪਾਸੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਮਾਹਲਾ ਨੇ ਆਖਿਆ ਜਿੱਥੇ ਮੈਂ ਅਰਵਿੰਦ ਕੇਜਰੀਵਾਲ ਜੀ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਉੱਥੇ ਹੀ ਪੰਜਾਬ ਦੇ ਕੈਬਨਿਟ ਮੰਤਰੀ ਸਰਦਾਰ ਹਰਦੀਪ ਸਿੰਘ ਮੁੰਡੀਆਂ ਜੀ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਮੈਨੂੰ ਚੇਅਰਮੈਨ ਦਾ ਅਹੁਦਾ ਸੰਭਾਲਣ ਯੋਗ ਸਮਝਿਆ। ਉਹਨਾਂ ਕਿਹਾ ਕਿ ਪਾਰਟੀ ਹਾਈ ਕਮਾਂਡ ਨਾਲ ਵਾਅਦਾ ਕਰਦਾ ਹਾਂ ਕਿ ਪਿੰਡ ਦੇ ਵਿਕਾਸ ਕਾਰਜਾਂ ਦੇ ਕੰਮ ਵੱਡੇ ਪੱਧਰ ਤੇ ਕੀਤੇ ਜਾਣਗੇ। ਉਹਨਾਂ ਕਿਹਾ ਕਿ ਸਰਕਾਰ ਨੇ ਚੋਣਾਂ ਦੌਰਾਨ ਕੀਤੇ ਹੋਏ ਸਾਰੇ ਵਾਅਦੇ ਪੂਰੇ ਕੀਤੇ ਹਨ ਅਤੇ ਜਦੋਂ ਪਿੰਡਾਂ ਵਿੱਚ ਮੀਟਿੰਗਾਂ ਕਰਨ ਜਾਂਦੇ ਹਾਂ ਤਾਂ ਲੋਕਾਂ ਦੀ ਇੱਕੋ ਬਾਜ ਹੈ ਕਿ 2027 ਵਿੱਚ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਬਣੇਗੀ ਕਿਉਂਕਿ ਆਮ ਆਦਮੀ ਪਾਰਟੀ ਨੇ ਉਹ ਕੰਮ ਕਰਕੇ ਦਿਖਾ ਦਿੱਤੇ ਹਨ ਜੋ ਪਿਛਲੇ 75 ਸਾਲਾਂ ਦੌਰਾਨ ਕਿਸੇ ਵੀ ਸਰਕਾਰ ਨੇ ਨਹੀਂ ਕੀਤੇ।ਉੱਥੇ ਹੀ ਦਰਸ਼ਨ ਸਿੰਘ ਮਾਹਲਾ ਨੇ ਆਏ ਹੋਏ ਸਾਰੇ ਹੀ ਪਾਰਟੀ ਦੇ ਅਹੁਦੇਦਾਰ ਸਾਹਿਬਾਨਾਂ ਦਾ ਦਿਲ ਦੀਆ ਗਹਿਰਾਈਆਂ ਤੋਂ ਧੰਨਵਾਦ ਕੀਤਾ।

## ਸੰਧਵਾਂ ਵੱਲੋਂ ਕਿਸਾਨ ਸਿਖਲਾਈ ਕੈਂਪ ਦੌਰਾਨ ਨਵੀਨਤਮ ਖੇਤੀ ਤਕਨੀਕਾਂ ਨੂੰ ਅਪਣਾਉਣ ਦਾ ਸੱਦਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 11 ਅਪ੍ਰੈਲ : ਖੇਤੀਬਾੜੀ ਵਿਭਾਗ ਫਰੀਦਕੋਟ ਵੱਲੋਂ ਅੱਜ ਆਤਮਾ ਸਕੀਮ ਦੇ ਸਹਿਯੋਗ ਨਾਲ ਮਾਡਲ ਖੇਤੀਬਾੜੀ ਫਾਰਮ ਸਰਕੂਲਰ ਰੋਡ ਫ਼ਰੀਦਕੋਟ ਵਿਖੇ ਸਾਉਣੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ। ਕੈਂਪ ਦਾ ਉਦਘਾਟਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਫ਼ਰੀਦਕੋਟ ਮੈਡਮ ਪੂਨਮਦੀਪ ਕੌਰ ਅਤੇ ਡਾ. ਅਰੁਣ ਕੁਮਾਰ ਸੰਯੁਕਤ ਡਾਇਰੈਕਟਰ (ਹਾਈਫੋਲੋਜੀ), ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਸਨ। ਸਪੀਕਰ ਸੰਧਵਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਦੀ ਅਰਥਵਿਵਸਥਾ ਦਾ ਮੂਲ ਆਧਾਰ ਕਿਸਾਨ ਹਨ ਅਤੇ ਉਨ੍ਹਾਂ ਦੀ ਤਰੱਕੀ ਲਈ ਆਧੁਨਿਕ ਅਤੇ ਵਿਗਿਆਨਕ ਖੇਤੀ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਨਵੀਂ ਤਕਨੀਕਾਂ ਨਾਲ ਜੋੜਨ ਅਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਿਖਲਾਈ ਕੈਂਪ ਕਿਸਾਨਾਂ ਲਈ ਬਹੁਤ ਲਾਭਦਾਇਕ ਸਾਬਤ ਹੋ ਰਹੇ ਹਨ, ਕਿਉਂਕਿ ਇਨ੍ਹਾਂ ਰਾਹੀਂ ਕਿਸਾਨਾਂ ਨੂੰ ਮਿੱਟੀ ਦੀ ਸਿਹਤ, ਪਾਣੀ ਦੀ ਸੰਭਾਲ, ਫਸਲਾਂ ਦੀ ਸੁਚੱਜੀ ਕਾਸ਼ਤ ਅਤੇ ਨਵੀਂ ਖੇਤੀ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਹਾਇਕ ਧੰਦਿਆਂ ਜਿਵੇਂ ਪਸ਼ੂ ਪਾਲਣ, ਬਾਗਬਾਨੀ ਅਤੇ



ਹੋਰ ਉਪਰਾਲਿਆਂ ਵੱਲ ਵੀ ਧਿਆਨ ਦੇਣ ਤਾਂ ਜੋ ਖੇਤੀ ਨੂੰ ਲਾਭਕਾਰੀ ਬਣਾਇਆ ਜਾ ਸਕੇ। ਸਪੀਕਰ ਸੰਧਵਾਂ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਭਲਾਈ ਲਈ ਵੱਖ-ਵੱਖ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰ ਸਕੀਮ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚੇ। ਕੈਂਪ ਦੌਰਾਨ ਖੇਤੀ ਮਾਹਿਰਾਂ ਵੱਲੋਂ ਵੱਖ-ਵੱਖ ਵਿਸ਼ਿਆਂ ’ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਗੁਰਲਾਲ ਸਿੰਘ ਵੱਲੋਂ ਪਸ਼ੂ ਪਾਲਣ, ਡਾ. ਗੁਰਦਰਸ਼ਨ ਸਿੰਘ ਵੱਲੋਂ ਬਾਗਬਾਨੀ ਫਸਲਾਂ, ਡਾ. ਗੁਰਪ੍ਰੀਤ ਸਿੰਘ ਵੱਲੋਂ ਮੰਡੀਕਰਨ, ਡਾ. ਪਵਿੱਤਰ ਸਿੰਘ ਵੱਲੋਂ ਮਿੱਟੀ ਅਤੇ ਪਾਣੀ ਦੀ ਪਰਖ, ਡਾ. ਪ੍ਰਦੀਪ ਗੋਇਲ ਵੱਲੋਂ ਸਾਉਣੀ ਦੀਆਂ ਫਸਲਾਂ ਦੀ ਸੁਚੱਜੀ ਕਾਸ਼ਤ ਅਤੇ ਡਾ. ਸਤਨਾਮ ਸਿੰਘ ਵੱਲੋਂ ਕੀੜੇ-ਮਕੌੜੇ ਅਤੇ ਬਿਮਾਰੀਆਂ ਦੇ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਗਈ। ਇੰਜੀਨੀਅਰ ਆਰ.ਕੇ. ਸਿੰਘ ਵੱਲੋਂ ਪਰਾਲੀ ਪ੍ਰਬੰਧਨ ਅਤੇ ਖੇਤੀ ਮਸ਼ੀਨਰੀ ਸਬੰਧੀ ਤਕਨੀਕੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ, ਜਿਨ੍ਹਾਂ ਵਿੱਚ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਨਾਲ ਹੀ ਕਿਸਾਨਾਂ ਅਤੇ ਕਿਸਾਨ ਸਮੂਹਾਂ ਵੱਲੋਂ ਤਿਆਰ ਕੀਤੇ ਉਤਪਾਦਾਂ ਦੀਆਂ ਨੁਮਾਇਸ਼ਾਂ ਅਤੇ ਖੇਤੀ ਮਸ਼ੀਨਰੀ ਦੀਆਂ ਪ੍ਰਦਰਸ਼ਨੀਆਂ ਵੀ ਖਾਸ ਆਕਰਸ਼ਣ ਰਹੀਆਂ। ਕੈਂਪ ਵਿੱਚ ਲਗਭਗ ਇੱਕ ਹਜ਼ਾਰ ਦੇ ਕਰੀਬ ਅਗਾਂਹਵਧੂ ਕਿਸਾਨਾਂ ਨੇ ਭਾਗ ਲਿਆ ਅਤੇ ਸਾਉਣੀ ਦੀਆਂ ਫਸਲਾਂ ਸਬੰਧੀ ਖੇਤੀ ਸਾਹਿਤ ਵੀ ਵੰਡਿਆ ਗਿਆ। ਡਾ. ਕੁਲਵੰਤ ਸਿੰਘ ਮੁੱਖ ਖੇਤੀਬਾੜੀ ਅਫਸਰ ਫ਼ਰੀਦਕੋਟ ਦੀ ਅਗਵਾਈ ਅਤੇ ਡਾ. ਅਮਨਦੀਪ ਕੇਸ਼ਵ ਪ੍ਰੋਜੈਕਟ ਡਾਇਰੈਕਟਰ ਆਤਮਾ ਦੀ ਨਿਗਰਾਨੀ ਹੇਠ ਕੈਂਪ ਦਾ ਸੁਚੱਜਾ ਆਯੋਜਨ ਕੀਤਾ ਗਿਆ। ਸਟੇਜ ਸੰਚਾਲਨ ਡਾ. ਨਵਪ੍ਰੀਤ ਸਿੰਘ ਅਤੇ ਡਾ. ਭੂਪੇਸ਼ ਜੋਸ਼ੀ ਵੱਲੋਂ ਕੀਤਾ ਗਿਆ। ਇਸ ਮੌਕੇ ਚੇਅਰਮੈਨ ਗੁਰਤੇਜ ਸਿੰਘ ਖੋਸਾ, ਚੇਅਰਮੈਨ ਅਮਨਦੀਪ ਸਿੰਘ ਬਾਬਾ, ਚੇਅਰਮੈਨ ਗਗਨਦੀਪ ਸਿੰਘ ਧਾਲੀਵਾਲ, ਡਾ. ਅਵੀਨਿੰਦਰਪਾਲ ਸਿੰਘ, ਡਾ. ਕੁਲਦੀਪ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਮਨਪ੍ਰੀਤ ਸਿੰਘ, ਡਾ. ਰਣਬੀਰ ਸਿੰਘ, ਡਾ. ਯਾਦਵਿੰਦਰ ਸਿੰਘ, ਰਮਨਦੀਪ ਸਿੰਘ ਮਮਾਰਾ, ਸੁਖਵੰਤ ਸਿੰਘ ਪੱਕਾ, ਗੁਰਪ੍ਰੀਤ ਸਿੰਘ ਗੈਰੀ ਵੜਿੰਗ, ਮਨਪ੍ਰੀਤ ਸਿੰਘ ਮਨੀ ਧਾਲੀਵਾਲ ਸਮੇਤ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਚੇਅਰਮੈਨ ਗਿੱਲ ਨੇ ਲੁਧਿਆਣਾ ਅਨਾਜ ਮੰਡੀ ਵਿਖੇ ਕਣਕ ਦੀ ਖਰੀਦ ਦਾ ਲਿਆ ਜਾਇਜ਼ਾ

### *ਕਿਸਾਨਾਂ ਨੂੰ ਸੁਚਾਰੂ, ਜਲਦੀ ਅਤੇ ਮੁਸ਼ਕਲ ਰਹਿਤ ਖਰੀਦ ਦਾ ਦਿੱਤਾ ਭਰੋਸਾ*

### *ਮੰਤਰੀ ਮੁੰਡੀਆਂ ਨੇ ਕਣਕ ਦੇ ਹਰੇਕ ਦਾਣੇ ਦੀ ਖਰੀਦ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ*

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 11 ਅਪ੍ਰੈਲ : ਚੇਅਰਮੈਨ ਮਾਰਕੀਟ ਕਮੇਟੀ ਅਤੇ ਸਟੇਟ ਸਕੱਤਰ ਕਿਸਾਨ ਵਿੰਗ ਪੰਜਾਬ ਸ. ਗੁਰਜੀਤ ਸਿੰਘ ਗਿੱਲ ਨੇ ਅੱਜ ਨੂੰ ਲੁਧਿਆਣਾ ਅਨਾਜ ਮੰਡੀ ਵਿਖੇ ਚੱਲ ਰਹੇ ਕਣਕ ਦੀ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਪ੍ਰਬੰਧਾਂ ’ਤੇ ਤਸੱਲੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਸੁਚਾਰੂ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਉਪਾਅ ਲਾਗੂ ਕੀਤੇ ਗਏ ਹਨ। ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਨਿਰਵਿਘਨ ਜਾਰੀ ਹੈ।

ਚੇਅਰਮੈਨ ਗਿੱਲ ਅਤੇ ਸੈਕਟਰੀ ਹਰਿੰਦਰ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਖਰੀਦ ਕੀਤੀ ਕਣਕ ਦੀ ਅਦਾਇਗੀ ਸਿੱਧੇ ਤੌਰ ’ਤੇ ਆਨਲਾਈਨ ਪ੍ਰਣਾਲੀਆਂ ਰਾਹੀਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਮੇਂ ਸਿਰ ਟ੍ਰਾਂਸਫਰ ਕੀਤੀ ਜਾ ਰਹੀ ਹੈ। ਕੁਸ਼ਲ ਪ੍ਰਬੰਧਨ ’ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਢੋਆ-ਢੁਆਈ, ਭੁਗਤਾਨ ਜਾਂ ਲੌਜਿਸਟਿਕਸ ਨਾਲ ਸਬੰਧਤ ਕਿਸੇ ਵੀ ਮੁੱਦੇ ਤੋਂ ਬਚਣ ਲਈ ਸਖ਼ਤੀ ਨਾਲ ਨਿਰਦੇਸ਼ ਦਿੱਤੇ ਗਏ ਹਨ।

ਖਰੀਦ ਸੀਜ਼ਨ ਦੌਰਾਨ ਕਿਸਾਨਾਂ ਲਈ ਆਰਾਮਦਾਇਕ ਮਾਹੌਲ ਪ੍ਰਦਾਨ ਕਰਨ ਲਈ ਸਾਫ਼ ਪੀਣ ਵਾਲਾ ਪਾਣੀ, ਲੋੜੀਂਦੀ ਰੋਸ਼ਨੀ, ਬੈਠਣ ਦੀ ਵਿਵਸਥਾ ਅਤੇ ਸੈਨੀਟੇਸ਼ਨ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਯਕੀਨੀ ਬਣਾਇਆ ਗਿਆ ਹੈ।

## ਡਰੀਮਲੈਂਡ ਸਕੂਲ ਦੀਆਂ ਅੱਠਵੀਂ ਜਮਾਤ ਦੀਆਂ ਤਿੰਨ ਵਿਦਿਆਰਥਣਾਂ ਪੰਜਾਬ ਮੈਰਿਟ ਸੂਚੀ ਵਿੱਚ : ਸ਼ਰਮਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 11 ਅਪ੍ਰੈਲ : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਦੀਆਂ ਤਿੰਨ ਵਿਦਿਆਰਥਣਾਂ ਨੇ ਪੰਜਾਬ ਮੈਰਿਟ ਸੂਚੀ ਵਿੱਚ ਆਪਣਾ ਨਾਮ




ਦਰਜ ਕਰਵਾਇਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਜੀ ਨੇ ਵਿਦਿਆਰਥਣਾਂ ਨੂੰ ਸਨਮਾਨਿਤ ਕਰਦੇ ਹੋਏ ਦੱਸਿਆ ਕਿ ਸਿਮਰਪ੍ਰੀਤ ਕੌਰ ਸਪੁੱਤਰੀ ਮਨਜੀਤ ਸਿੰਘ ਨੇ 586/600 (97.66 ਫੀਸਦੀ) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 14ਵਾਂ ਸਥਾਨ, ਰਾਵੀਆ ਸਪੁੱਤਰੀ ਰਾਜਨ ਨੇ 585/600 (97.50 ਫੀਸਦੀ) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 15ਵਾਂ ਸਥਾਨ ਅਤੇ ਸਿਮਰਨਜੀਤ ਕੌਰ ਸਪੁੱਤਰੀ ਉਡੀਕ ਸਿੰਘ ਨੇ 584/600 (97.33 ਫੀਸਦੀ) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 16ਵਾਂ ਸਥਾਨ ਹਾਸਿਲ ਕਰਕੇ ਸੰਸਥਾ, ਜ਼ਿਲ੍ਹੇ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਮੈਡਮ ਨਵਪ੍ਰੀਤ ਸ਼ਰਮਾ ਨੇ ਕਿਹਾ ਕਿ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਨਾਲ ਸੰਸਥਾ, ਅਧਿਆਪਕਾਂ, ਮਾਪਿਆਂ ਅਤੇ ਇਲਾਕੇ ਦਾ ਨਾਮ ਰੋਸ਼ਨ ਹੋਇਆ ਹੈ ਅਤੇ ਉਨ੍ਹਾਂ ਨੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਪ੍ਰਾਪਤੀ ’ਤੇ ਡੀ.ਈ.ਓ (ਐਸਿੱ) ਸ੍ਰੀਮਤੀ ਅੰਜਨਾ ਕੌਸ਼ਲ, ਜ਼ਿਲ੍ਹਾ ਖੇਤਰੀ ਡਿਪੂ ਪੰਜਾਬ ਸਕੂਲ ਸਿੱਖਿਆ ਬੋਰਡ ਫਰੀਦਕੋਟ ਦੇ ਮੈਨੇਜਰ ਸ੍ਰੀਮਤੀ ਮਨਦੀਪ ਕੌਰ ਅਤੇ ਡਿਪਟੀ ਮੈਨੇਜਰ ਬਲਰਾਜ ਸਿੰਘ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਸੰਸਥਾ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਪ੍ਰਾਪਤੀ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਮੈਡਮਰਾਜਵਿੰਦਰ ਕੌਰ, ਪ੍ਰਦੀਪ ਕੁਮਾਰ, ਜਸਪ੍ਰੀਤ ਕੌਰ, ਜੋਤੀ ਕਟਾਰੀਆ, ਪੂਜਾ ਰਾਣੀ, ਅੰਕਿਤ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਤਮੰਨਾ ਪ੍ਰਜਾਪਤੀ ਦਾ 8ਵੀਂ ਦੇ ਨਤੀਜਿਆਂ ’ਚੋਂ ਪੰਜਾਬ ਵਿੱਚੋਂ ਪਹਿਲਾ ਸਥਾਨ, ਪ੍ਰਜਾਪਤ ਸਮਾਜ ਵੱਲੋਂ ਵਧਾਈਆਂ


### ਹੋਣਹਾਰ ਵਿਦਿਆਰਥਣ ਦਾ ਵਿਸ਼ੇਸ਼ ਸਨਮਾਨ ਕਰਨ ਦਾ ਫੈਸਲਾ : ਪਵਨ ਪ੍ਰਜਾਪਤੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 11 ਅਪ੍ਰੈਰਲ : ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਸਲਾਨਾ ਨਤੀਜਿਆਂ ਵਿੱਚੋਂ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ, ਜੈਤੋ ਜ਼ਿਲਾ ਫਰੀਦਕੋਟ ਦੀ ਹੋਣਹਾਰ ਵਿਦਿਆਰਥਣ ਤਮੰਨਾ ਪ੍ਰਜਾਪਤੀ ਪੁੱਤਰੀ ਸ਼੍ਰੀ ਨਰਿੰਦਰ ਕੁਮਾਰ ਪ੍ਰਜਾਪਤੀ ਨੇ 600 ਵਿੱਚੋਂ 600 ਅੰਕਾਂ ਨਾਲ ਸੂਬੇ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਪਿਆਂ, ਸਕੂਲ ਸਟਾਫ ਅਤੇ ਪ੍ਰਜਾਪਤ ਸਮਾਜ ਦਾ ਨਾਮ ਦੁਨੀਆਂ ਦੇ ਕੋਨੇ-ਕੋਨੇ ਤੱਕ ਚਮਕਾਇਆ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਜਾਪਤ ਕੁਮਹਾਰ ਮਹਾਂਸੰਘ ਪੰਜਾਬ ਦੇ ਸੂਬਾਈ ਚੀਫ ਜਨਰਲ ਸਕੱਤਰ ਸ਼੍ਰੀ ਪਵਨ ਪ੍ਰਜਾਪਤੀ ਜੀ ਨੇ ਦੱਸਿਆ ਕਿ ਸਕੂਲ ਦੇ ਮਿਹਨਤੀ ਸਟਾਫ ਅਤੇ ਵਿਦਿਆਰਥਣ ਦੀ ਸਖਤ ਮਿਹਨਤ ਸਦਕਾ ਹੀ ਬੋਰਡ ਦੇ ਨਤੀਜਿਆਂ ਵਿੱਚ ਵਿਦਿਆਰਥਣ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੁਸ਼ਨਾਇਆ ਹੈ। ਉਹਨਾ ਦੱਸਿਆ ਕਿ ਤਮੰਨਾ ਪ੍ਰਜਾਪਤੀ ਸ਼ੁਰੂ ਤੋਂ ਹੀ ਪੜਾਈ ਵਿੱਚ ਬਹੁਤ ਹੁਸ਼ਿਆਰ ਹੈ। ਉਹਨਾ ਵਿਦਿਆਰਥਣ ਦੇ ਸੁਨਹਿਰੇ ਭਵਿੱਖ ਅਤੇ ਸਦਾ ਸਿਹਤ ਤੰਦਰੁਸਤੀ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਵਿਦਿਆਰਥਣ ਤਮੰਨਾ ਪ੍ਰਜਾਪਤੀ ਦੀ ਇਸ ਪ੍ਰਾਪਤੀ ’ਤੇ ਪ੍ਰਜਾਪਤ ਕੁਮਹਾਰ ਮਹਾਂਸੰਘ ਪੰਜਾਬ ਦੇ ਸੂਬਾਈ ਪ੍ਰਧਾਨ ਸ਼੍ਰੀ ਕਰਮ ਚੰਦ ਪੱਪੀ, ਸੂਬਾਈ ਯੂਥ ਪ੍ਰਧਾਨ ਗੁਰਮੀਤ ਸਿੰਘ ਪ੍ਰਜਾਪਤੀ, ਹੰਸ ਰਾਜ ਜਲਾਲਾਬਾਦ, ਐਡਵੋਕੇਟ ਅਜੀਤ ਵਰਮਾ ਮੋਗਾ, ਜੈ ਚੰਦ ਬੇਂਵਾਲ ਮੋਗਾ, ਲੈਕ. ਰਤਨ ਸਿੰਘ ਪ੍ਰਜਾਪਤੀ ਬਠਿੰਡਾ, ਪੱਤਰਕਾਰ ਟਿੰਕੂ ਕੁਮਾਰ ਕੋਟਕਪੂਰਾ, ਓਮ ਪ੍ਰਕਾਸ਼, ਸੰਜੂ ਵਰਮਾ ਮਲੋਟ, ਮਦਨ ਲਾਲ ਅਬੋਹਰ, ਪੂਰਨ ਚੰਦ ਫਾਜਿਲਕਾ, ਰਮੇਸ਼ ਕੁਮਾਰ ਜਲਾਲਾਬਾਦ, ਸ਼੍ਰੀ ਰਾਮ ਮਮਦੋਟ, ਪੂਰਨ ਚੰਦ ਫਿਰੋਜਪੁਰ, ਨਰਾਇਣ ਦਾਸ ਕਾਲੀ ਫਰੀਦਕੋਟ, ਚਰਨਦਾਸ ਚੰਨਾ ਬਰੀਵਾਲਾ, ਚਿਰੰਜੀ ਲਾਲ ਕੋਟਕਪੂਰਾ, ਤਾਰਾ ਚੰਦ ਕੋਟਕਪੂਰਾ, ਬੱਬੂ ਰਾਮ ਜੈਤੋ, ਬੁੱਧ ਰਾਮ ਸਮਾਲਸਰ, ਸਤਪਾਲ ਕੁਮਾਰ, ਜਸਵੰਤ ਰਾਮ, ਲਾਲ ਚੰਦ ਬਠਿੰਡਾ, ਇੰਦਰਾਜ ਕੁਮਾਰ, ਡਾ. ਸੁਖਦੇਵ ਗਿੱਦੜਬਾਹਾ, ਬਾਬੂ ਰਾਮ ਸ਼੍ਰੀ ਮੁਕਤਸਰ ਸਾਹਿਬ, ਮਨਦੀਪ ਸਿੰਘ ਮੁੰਨਾ, ਰਾਜ ਕੁਮਾਰ, ਪ੍ਰੇਮ ਕੁਮਾਰ ਗੁਰੂਹਰਸਹਾਏ, ਟਿੰਕੂ ਵਰਮਾ ਬਠਿੰਡਾ, ਡਾ. ਧਰਮ ਪ੍ਰਵਾਨਾ ਰਘਬੀਰ ਸਿੰਘ ਸਾਦਿਕ, ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਕੂਲ ਸਟਾਫ, ਮਾਪਿਆਂ ਅਤੇ ਵਿਦਿਆਰਥਣ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਜ਼ਿਲ੍ਹੇ ਲਈ ਹੀ ਨਹੀਂ, ਸਗੋਂ ਪ੍ਰਜਾਪਤ ਸਮਾਜ ਲਈ ਵੀ ਮਾਣ ਵਾਲੀ ਗੱਲ ਹੈ। ਅੰਤ ਵਿੱਚ ਪਵਨ ਪ੍ਰਜਾਪਤੀ ਨੇ ਦੱਸਿਆ ਕਿ ਜਲਦੀ ਹੀ ਪ੍ਰਜਾਪਤ ਬਰਾਦਰੀ ਦੀ ਮੀਟਿੰਗ ਬੁਲਾ ਕੇ ਇਸ ਹੋਣਹਾਰ ਵਿਦਿਆਰਥਣ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਪਵਨ ਪ੍ਰਜਾਪਤੀ ਨੇ ਦੱਸਿਆ ਕਿ ਸਨਮਾਨ ਕਰਨ ਨਾਲ ਜਿੱਥੇ ਵਿਦਿਆਰਥਣ ਦੀ ਹੌਸਲਾ ਅਫਜਾਈ ਹੋਵੇਗੀ, ਉੱਥੇ ਹੀ ਇਸ ਨਾਲ ਹੋਰਨਾ ਵਿਦਿਆਰਥੀ/ਵਿਦਿਆਰਥਣਾ ਨੂੰ ਪ੍ਰੇਰਨਾ ਮਿਲਣੀ ਵੀ ਸੁਭਾਵਿਕ ਹੈ।

## ਪੁਲਿਸ ਕੈਟਾਂ ਦੀ ਲਿਸਟ, ਚਮਕੀਲੇ ਅਤੇ ਹਰਮਿੰਦਰ ਸੰਧੂ ਦੇ ਕਤਲ ਕਰਕੇ "ਸੰਘਰਸ਼ ਦਾ ਦੌਰ" ਕਿਤਾਬ ਦੁਬਾਰਾ ਚਰਚਾ ਵਿੱਚ




ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ

ਜਦੋਂ ਕੋਈ ਵੀ ਲੇਖਕ ਆਪਣੀ ਕਿਤਾਬ ਛਪਾਉਂਦਾ ਹੈ ਤਾਂ ਉਸ ਦਾ ਉਦੇਸ਼ ਆਪਣੀ ਕਲਮ ਰਾਹੀਂ ਆਪਣੇ ਵਿਚਾਰ ਜਾਂ ਆਪਣੀ ਸੋਚ ਜਾਂ ਆਪਣੀ ਹਕੀਕਤ ਨੂੰ ਪਾਠਕਾਂ ਸਾਹਮਣੇ ਉਜਾਗਰ ਕਰਣਾ ਹੁੰਦਾ ਹੈ। ਕੁਝ ਲੇਖਕਾਂ ਦੀਆਂ ਕਲਮਾਂ ਨੂੰ ਪਾਠਕ ਇਸ ਕਦਰ ਪਸੰਦ ਜਾਂ ਨਾ-ਪਸੰਦ ਕਰਦੇ ਹਨ ਕਿ ਉਨਾਂ ਦੀ ਲਿਖੀ ਕਿਤਾਬ ਸਮਾਜ ਅਤੇ ਪਾਠਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ। ਜਿਸ ਨਾਲ ਲੇਖਕ ਨੂੰ ਜਾਂ ਤਾਂ ਪ੍ਰਸ਼ੰਸਾ ਹਾਂਸਿਲ ਹੁੰਦੀ ਹੈ ਜਾਂ ਵਿਰੋਧਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਲੇਖਕ ਦੇ ਨਾਲ-ਨਾਲ ਕਿਤਾਬ ਦੇ ਪਬਲਿਸ਼ਰ ਨੂੰ ਵੀ ਚਰਚਾ ਦਾ ਵਿਸ਼ਾ ਜਾਂ ਵਿਰੋਧ ਦਾ ਨਿਸ਼ਾਨਾ ਬਨਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਪਬਲਿਸ਼ਰ ਨਾਲ ਕਿਤਾਬ ਪਿੱਛੇ ਨਿੱਜੀ ਦੁਸ਼ਮਣੀ ਤੱਕ ਪੈਦਾ ਕੀਤੀ ਜਾਂਦੀ ਹੈ। ਜਦਕਿ ਕਿਤਾਬ ਦੇ ਪਬਲਿਸ਼ਰ ਦੀ ਭੂਮਿਕਾ ਕਨੂੰਨੀ ਤੌਰ 'ਤੇ ਸਿਰਫ ਕਿਤਾਬ ਨੂੰ ਡਿਜ਼ਾਈਨ ਕਰਨਾ, ਪ੍ਰਿੰਟ ਕਰਨਾ ਅਤੇ ਵਿਕਰੀ ਕਰਨਾ ਹੀ ਹੁੰਦਾ ਹੈ। ਜਿਸ ਲਈ ਪਬਲਿਸ਼ਰ ਆਪਣੀ ਇੱਛਾ ਅਨੁਸਾਰ ਅਲੱਗ-ਅਲੱਗ ਪਲੇਟਫਾਰਮ ਵਰਤ ਸਕਦਾ ਹੈ। **(Transfer of Copyright: In many subscription-based journals or traditional book publishing, authors transfer their copyright to the publisher, meaning the publisher owns the rights to reproduce, distribute, and sell the work.)** ਪੀਂਘਾਂ ਸੋਚ ਦੀਆਂ ਪਬਲਿਸ਼ਰ ਦੀ ਸੰਸਥਾਪਕ ਹੋਣ ਦੇ ਨਾਤੇ ਮੈਂ ਖੁਦ ਕਿਤਾਬ "ਸੰਘਰਸ਼ ਦਾ ਦੌਰ" ਕਰਕੇ ਚਰਚਾ ਦਾ ਵਿਸ਼ਾ ਬਣੀ ਹੋਈ ਹਾਂ। ਜਿੱਥੇ ਕਿਤਾਬ "ਸੰਘਰਸ਼ ਦਾ ਦੌਰ" ਨੇ ਮੈਨੂੰ ਪੰਥਕ ਸਫਾ ਵਿੱਚ ਇੱਕ ਸਤਿਕਾਰਤ ਦਰਜਾ ਪ੍ਰਧਾਨ ਕੀਤਾ। ਉੱਥੇ ਹੀ ਇਸ ਕਿਤਾਬ ਦੀ ਵਿਰੋਧਤਾ ਕਰਣ ਵਾਲਿਆਂ ਨੇ ਮੇਰੇ ਲਈ ਚਰਚਾ ਦੀ ਜੰਗ ਛੇੜ ਦਿੱਤੀ। "ਸੰਘਰਸ਼ ਦਾ ਦੌਰ" ਕਿਤਾਬ ਦੇ ਹੁਣ ਤੱਕ ਦੋ ਐਡੀਸ਼ਨ ਆ ਚੁੱਕੇ ਹਨ। ਪਹਿਲਾ ਐਡੀਸ਼ਨ 2024 ਵਿੱਚ ਅਤੇ ਦੂਸਰਾ ਐਡੀਸ਼ਨ 2025 ਵਿੱਚ ਆਇਆ। ਜਿਸ ਦੀਆਂ ਤਕਰੀਬਨ 2000 ਕਿਤਾਬਾਂ ਛੱਪ ਚੁੱਕੀਆਂ ਹਨ। ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਇੱਛਾ ਅਨੁਸਾਰ ਵੱਖ-ਵੱਖ ਸਮਾਗਮਾਂ ਅਤੇ ਵੱਖ-ਵੱਖ ਉੱਘੀਆਂ ਸ਼ਖਸਿਅਤਾਂ ਨੂੰ ਇਹ ਕਿਤਾਬ ਮੈਂ ਖੁਦ ਭੇਂਟ ਕੀਤੀ ਹੈ। "ਸੰਘਰਸ਼ ਦਾ ਦੌਰ" ਕਿਤਾਬ ਹੁਣ ਤੱਕ ਯੂ.ਕੇ, ਜਰਮਨੀ, ਕਨੇਡਾ, ਯੂ.ਐਸ.ਏ, ਪਾਕਿਸਤਾਨ, ਇਟਲੀ ਅਤੇ ਪੰਜਾਬ ਵਿਖੇ ਸਿੱਖ ਜੱਥੇਬੰਦੀਆਂ ਦੇ ਉੱਘੇ ਜੱਥੇਦਾਰਾਂ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬ ਵਿਖੇ ਰਿਲੀਜ ਕੀਤੀ ਗਈ। ਮੈਨੂੰ ਇਸ ਕਿਤਾਬ ਦੀ ਪਬਲਿਸ਼ਰ ਹੋਣ ਦੇ ਨਾਤੇ ਦੇਸ਼ਾਂ-ਵਿਦੇਸ਼ਾਂ ਤੋਂ ਅਣਗਿਣਤ ਫੋਨ ਅਕਸਰ ਆਉਂਦੇ ਰਹਿੰਦੇ ਹਨ। ਤਕਰੀਬਨ ਹਰ ਮਹੀਨੇ "ਸੰਘਰਸ਼ ਦਾ ਦੌਰ" ਕਿਤਾਬ ਦਾ ਪਾਰਸਲ ਤਿਆਰ ਹੁੰਦਾ ਹੈ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਪਹੁੰਚਦਾ ਕਰਵਾਇਆ ਜਾਂਦਾ ਹੈ। ਪਬਲਿਸ਼ਰ ਦੀ ਮਨਸ਼ਾ ਉਸ ਦੀ ਕਿਤਾਬ ਦੀ ਵੱਧ ਤੋਂ ਵੱਧ ਪਬਲਿਸਿਟੀ ਅਤੇ ਵਿਕਰੀ ਹੁੰਦੀ ਹੈ। ਪਰ ਕਿਸੇ ਵਿਅਕਤੀ ਦੀ ਲੇਖਕ ਨਾਲ ਨਿੱਜੀ ਰੰਜਿਸ਼ ਕਰਕੇ ਪਬਲਿਸ਼ਰ ਨੂੰ ਨਿਸ਼ਾਨਾ ਬਣਾਉਣ ਦਾ ਕਾਰਣ ਸਿਰਫ ਇਹ ਹੀ ਮੰਨਿਆ ਜਾ ਸਕਦਾ ਹੈ ਕਿ ਲੇਖਕ ਨਾਲ ਸਿੱਧੇ ਤੌਰ 'ਤੇ ਉਹ ਵਿਅਕਤੀ ਵਿਚਾਰ ਚਰਚਾ ਕਰਣ ਤੋਂ ਡਰਦਾ ਹੈ। ਇਸ ਲਈ ਪਬਲਿਸ਼ਰ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਜਦਕਿ ਇਹ ਵੀ ਸੱਚਾਈ ਹੈ ਕਿ ਪਬਲਿਸ਼ਰ ਨੂੰ ਨਿਸ਼ਾਨਾ ਬਨਾਉਣ ਨਾਲ ਲੇਖਕ ਦੀ ਕਲਮ ਚੱਲਣ ਤੋਂ ਰੋਕੀ ਨਹੀਂ ਜਾ ਸਕਦੀ। ਪਰ ਪਬਲਿਸ਼ਰ ਜੇਕਰ ਇੱਕ ਸਿਆਸੀ ਪਾਰਟੀ ਨਾਲ ਜੁੜਿਆ ਹੋਵੇ ਤਾਂ ਦਬਾਅ ਹੋਰ ਵੀ ਵੱਧ ਜਾਂਦਾ ਹੈ। ਜੋ ਕਿ ਮੇਰੇ ਨਾਲ ਹੋਇਆ। ਮੈਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ ਬਤੌਰ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ ਸੇਵਾ ਨਿਭਾ ਰਹੀ ਹਾਂ। "ਸੰਘਰਸ਼ ਦਾ ਦੌਰ" ਕਿਤਾਬ ਮੇਰੇ ਵੱਲੋਂ ਪੀਂਘਾਂ ਸੋਚ ਦੀਆਂ ਪਬਲਿਸ਼ਰ ਦੇ ਨਾਮ ਨਾਲ ਛਾਪੀ ਗਈ ਹੈ। "ਸੰਘਰਸ਼ ਦਾ ਦੌਰ" ਕਿਤਾਬ ਵਿੱਚ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਉਨਾਂ ਖਾੜਕੂ ਸਿੰਘਾਂ ਦਾ ਜ਼ਿਕਰ ਕੀਤਾ ਹੈ। ਜਿੰਨਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਵੱਲੋਂ ਚਲਾਏ ਗਏ ਸਿੱਖ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਸ਼ਹਾਦਤਾਂ ਦਿੱਤੀਆਂ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਇਸ ਕਿਤਾਬ ਵਿੱਚ ਬਿਆਨ ਕੀਤਾ ਹੈ ਕਿ ਕਿਸ ਤਰਾਂ ਕਿਹੜੇ ਜੁਝਾਰੂ ਸਿੰਘ ਨੇ ਐਕਸ਼ਨਾਂ ਨੂੰ ਅੰਜਾਮ ਦਿੱਤਾ। ਚਮਕੀਲੇ ਅਤੇ ਹਰਮਿੰਦਰ ਸੰਧੂ ਦਾ ਕਤਲ ਕਿਹੜੇ ਜੁਝਾਰੂ ਸਿੰਘਾਂ ਵੱਲੋਂ ਅੰਜਾਮ ਦਿੱਤਾ ਗਿਆ। ਉਸਨੂੰ ਵੀ ਸਪੱਸ਼ਟ ਤੌਰ ਤੇ ਲਿਖਿਆ ਗਿਆ। ਲੇਖਕ ਅਨੁਸਾਰ ਜੋ ਕਾਰਣ ਸਨ ਉਨਾਂ ਨੂੰ ਵੀ ਸਪੱਸ਼ਟ ਤੌਰ 'ਤੇ ਲਿਖਿਆ ਗਿਆ। ਪਰ ਹਰਮਿੰਦਰ ਸੰਧੂ ਦੇ ਪਰਿਵਾਰ ਵੱਲੋਂ ਇਸ ਕਿਤਾਬ ਉੱਤੇ ਇਤਰਾਜ਼ ਜਤਾਇਆ ਗਿਆ। ਕਾਇਦੇ ਅਨੁਸਾਰ ਜੇਕਰ ਕਿਸੇ ਵੀ ਪਰਿਵਾਰ ਨੂੰ ਇਸ ਕਿਤਾਬ ਉੱਤੇ ਇਤਰਾਜ਼ ਹੈ ਤਾਂ ਉਸਨੂੰ ਲੇਖਕ ਨਾਲ ਸਿੱਧਾ ਸੰਪਰਕ ਕਰਨਾ ਚਾਹਿਦਾ ਹੈ। ਪਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਅਹੁੱਦੇਦਾਰ ਹੋਣ ਕਰਕੇ ਮੈਨੂੰ ਸਿੱਧੇ ਤੌਰ 'ਤੇ ਇਸ ਪਰਿਵਾਰ ਵੱਲੋਂ ਨਿਸ਼ਾਨਾ ਬਣਾਇਆ ਗਿਆ। ਇਸ ਪਰਿਵਾਰ ਵੱਲੋਂ ਮੈਨੂੰ ਅੱਪਸ਼ਬਦ ਬੋਲੇ ਗਏ, ਮੇਰੇ ਖਿਲਾਫ ਕੂੜ ਪ੍ਰਚਾਰ ਕੀਤਾ ਗਿਆ ਅਤੇ ਮੇਰੇ ਉੱਤੇ ਹਰ ਰੋਜ਼ ਦਬਾਅ ਬਣਾਇਆ ਜਾ ਰਿਹਾ ਹੈ ਕਿ ਮੈਂ ਮੰਨਾਂ ਕਿ ਮੈਂ ਹਰਮਿੰਦਰ ਸੰਧੂ ਦੇ ਖਿਲਾਫ ਕਿਤਾਬ ਵਿੱਚ ਲਿਖਿਆ ਹੈ। ਜਦਕਿ ਇਹ ਕਿਤਾਬ ਨਾ ਤਾਂ ਮੈਂ ਲਿਖੀ ਹੈ ਅਤੇ ਨਾ ਹੀ ਮੈਂ ਕਦੇ ਵੀ ਹਰਮਿੰਦਰ ਸੰਧੂ ਦਾ ਨਾਮ ਲੈ ਕੇ ਉਨਾਂ ਦੇ ਖਿਲਾਫ ਕਿਸੇ ਵੀ ਅਖ਼ਬਾਰ, ਕਿਸੇ ਵੀ ਲੇਖ ਜਾਂ ਕਿਸੇ ਵੀ ਸਟੇਜ ਉੱਤੇ ਕਿਸੇ ਤਰਾਂ ਦੀ ਕੋਈ ਬਿਆਨਬਾਜ਼ੀ ਕੀਤੀ ਹੈ। ਸ. ਸਿਮਰਨਜੀਤ ਸਿੰਘ ਮਾਨ ਜੋ ਕਿ ਸਾਡੇ ਪਾਰਟੀ ਪ੍ਰਧਾਨ ਹਨ, ਮੇਰੇ ਲਈ ਬਹੁਤ ਸਤਿਕਾਰਤ ਹਨ। ਮੈਂ ਉਨਾਂ ਨਾਲ ਕੰਮ ਕਰਕੇ ਆਪਣੇ ਕੰਮ ਲਈ ਦ੍ਰਿੜ ਹੋਣਾ ਸਿੱਖਿਆ ਹੈ। ਸ. ਇਮਾਨ ਸਿੰਘ ਮਾਨ ਜੋ ਕਿ ਸਾਡੀ ਪਾਰਟੀ ਦੇ ਕਾਰਜਕਾਰਨੀ ਪ੍ਰਧਾਨ ਹਨ, ਉਨਾਂ ਨਾਲ ਕੰਮ ਕਰਕੇ ਮੈਂ ਸਹਿਨਸ਼ੀਲ ਹੋਣਾ ਸਿੱਖਿਆ ਹੈ ਅਤੇ ਸ. ਗੋਬਿੰਦ ਸਿੰਘ ਸੰਧੂ ਨਾਲ ਕੰਮ ਕਰਕੇ ਮੈਂ ਹਲੀਮੀ ਨਾਲ ਰਹਿਣਾ ਸਿੱਖਿਆ ਹੈ। ਮੇਰੀ ਕਲਮ ਇਸ ਤਰਾਂ ਦੇ ਲੇਖ ਨਹੀਂ ਲਿਖਦੀ, ਪਰ ਮੇਰੇ ਉੱਤੇ ਇਹ ਲੇਖ ਲਿਖਣ ਲਈ ਬਾਰ-ਬਾਰ ਦਬਾਅ ਪਾਇਆ ਜਾ ਰਿਹਾ ਹੈ। ਮੈਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਕੰਮ ਕਰਕੇ ਇਹ ਸਿੱਖਿਆ ਹੈ ਕਿ ਜੇਕਰ ਮੇਰੇ ਵੱਲੋਂ ਖਿਮਾ ਮੰਗਣ ਨਾਲ ਸਮਾਜਿਕ ਪੱਧਰ ਉੱਤੇ ਚੱਲ ਰਹੀ ਹੱਲਚਲ ਸ਼ਾਂਤ ਹੋ ਸਕਦੀ ਹੈ ਤਾਂ ਮੈਂ ਸਮੂਹ ਸਾਧ ਸੰਗਤ ਤੋਂ ਖਿਮਾ ਦੀ ਜਾਚਕ ਹਾਂ। ਪੀਂਘਾਂ ਸੋਚ ਦੀਆਂ ਪਬਲਿਸ਼ਿੰਗ ਮੇਰਾ ਕਾਰੋਬਾਰ ਹੈ ਅਤੇ ਬਤੌਰ ਪੀਂਘਾਂ ਸੋਚ ਦੀਆਂ ਪਬਲਿਸ਼ਰ ਹੁਣ ਤੱਕ ਮੈਂ 13 ਕਿਤਾਬਾਂ ਛਾਪ ਕੇ ਪਾਠਕਾਂ ਦੇ ਰੂਬਰੂ ਕਰ ਚੁੱਕੀ ਹਾਂ। ਬਹੁਤ ਜਲਦ 5 ਹੋਰ ਕਿਤਾਬਾਂ ਪਾਠਕਾਂ ਦੇ ਰੂਬਰੂ ਹੋਣ ਜਾ ਰਹੀਆਂ ਹਨ। ਮੈਂ ਬਤੌਰ "ਪੀਂਘਾਂ ਸੋਚ ਦੀਆਂ ਮੈਗਜ਼ੀਨ" ਦੀ ਸੰਪਾਦਕ ਵਜੋਂ ਵੀ ਨਿਰਸਵਾਰਥ ਸੇਵਾ ਪਿਛਲੇ 6 ਸਾਲਾਂ ਤੋਂ ਨਿਭਾ ਰਹੀ ਹਾਂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮੈਗਜ਼ੀਨ "ਬਾਗ਼ੀ" ਦੀ ਵੀ ਮੈਂ ਬਤੌਰ ਸੰਪਾਦਕ ਪਿਛਲੇ 2 ਸਾਲ ਤੋਂ ਨਿਸਵਾਰਥ ਸੇਵਾ ਨਿਭਾ ਰਹੀ ਹਾਂ। ਬਤੌਰ ਲੇਖਕ ਮੇਰੀ ਖ਼ੁਦ ਦੀ ਕਿਤਾਬ "ਦਿਲ ਦੇ ਕਰੀਬ" ਵੀ ਛੱਪ ਚੁੱਕੀ ਹੈ। ਜਿਸ ਦਾ ਪਹਿਲਾ ਐਡੀਸ਼ਨ 2020 ਵਿੱਚ ਅਤੇ ਦੂਸਰਾ ਐਡੀਸ਼ਨ 2025 ਵਿੱਚ ਪ੍ਰਕਾਸ਼ਿਤ ਹੋਇਆ ਹੈ। ਬਤੌਰ ਪੀਂਘਾਂ ਸੋਚ ਦੀਆ ਸਾਹਿਤ ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਵਜੋਂ ਵੀ ਮੈਂ ਪਿਛਲੇ 6 ਸਾਲਾਂ ਤੋਂ ਨਿਰਸਵਾਰਥ ਸੇਵਾ ਨਿਭਾ ਰਹੀ ਹਾਂ। ਮੇਰੇ ਨਾਲ ਦੇਸ਼-ਵਿਦੇਸ਼ ਤੋਂ ਲੇਖਕ ਜੁੜੇ ਹੋਏ ਹਨ। ਜੋ ਸਮੇਂ-ਸਮੇਂ 'ਤੇ ਆਪਣੀਆਂ ਕਿਤਾਬਾਂ ਮੇਰੇ ਤੋਂ ਛਪਾਉਂਦੇ ਰਹਿੰਦੇ ਹਨ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਬਤੌਰ ਪ੍ਰਧਾਨ ਮੈਂ ਹੁਣ ਤੱਕ ਕਈ ਸਕੂਲਾਂ ਵਿੱਚ ਬੱਚਿਆਂ ਦੇ ਕਵਿਤਾ ਮੁਕਾਬਲੇ ਕਰਵਾ ਚੁੱਕੀ ਹਾਂ। ਪੰਜਾਬ ਦੇ ਅਲਗ-ਅਲਗ ਜ਼ਿਲਿਆਂ ਵਿੱਚ ਕਈ ਕਵੀ ਸੰਮੇਲਨ ਕਰਵਾ ਚੁੱਕੀ ਹਾਂ। ਪੰਜਾਬ ਦੇ ਅਲਗ-ਅਲਗ ਜ਼ਿਲਿਆਂ ਵਿੱਚ ਕਈ ਲੇਖਕਾਂ ਦੇ ਸਨਮਾਨ ਸਮਾਰੋਹ ਕਰਵਾ ਚੁੱਕੀ ਹਾਂ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਟੀਮ ਹਰ ਜ਼ਿਲੇ ਵਿੱਚ ਬਹੁਤ ਉੱਚ ਪੱਧਰ 'ਤੇ ਕਾਰਜਸ਼ੀਲ ਹੈ। ਸਾਡਾ ਲੇਖਕਾਂ ਦਾ ਗਰੁੱਪ ਬਹੁਤ ਹੀ ਸਤਿਕਾਰਤ ਹੈ। ਸਾਡੇ ਇਸ ਲੇਖਕ ਗਰੁੱਪ ਵਿੱਚ ਸਭ ਸ਼ਖਸਿਅਤਾਂ ਬੁੱਧੀਜੀਵੀ ਹਨ। ਜੋ ਕਿ ਇੱਕ ਦੂਸਰੇ ਲੇਖਕਾਂ ਦਾ ਬਹੁਤ ਸਨਮਾਨ ਕਰਦੇ ਹਨ। ਇੱਥੇ ਇਹ ਸਭ ਦੱਸਣਾ ਇਸ ਲਈ ਜਰੂਰੀ ਸੀ ਕਿ ਮੇਰੇ ਖਿਲਾਫ ਕੂੜ ਪ੍ਰਚਾਰ ਕਰਣ ਵਾਲਿਆਂ ਨੂੰ ਇਹ ਦੱਸਿਆ ਜਾਏ ਕਿ ਮੈਂ ਬਤੌਰ ਲੇਖਕ, ਬਤੌਰ ਪਬਲਿਸ਼ਰ ਅਤੇ ਬਤੌਰ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਸਮਝਦੀ ਹਾਂ ਅਤੇ ਗੁਰੂ ਪਾਤਸ਼ਾਹ ਦੀ ਮਹਿਰ ਸਦਕਾ ਹਮੇਸ਼ਾਂ ਚੜ੍ਹਦੀਕਲਾ ਵਿੱਚ ਰਹਿ ਕੇ ਅੱਗੇ ਵੀ ਕਾਰਜ ਕਰਦੀ ਰਹਾਂਗੀ।





## ਨੂਰੀ ਝਲਕ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਉਸਨੂੰ ਯਾਦ ਕਰਦਿਆਂ
ਧਿਆਉਂਦਿਆਂ ਹੋਇਆ
ਮਦਹੋਸ਼ੀ ਦੇ ਆਲਮ ਵਿੱਚ
ਆਪ ਮੁਹਾਰੇ ਅੱਖਾਂ
ਬੰਦ ਹੋਣ ਲੱਗੀਆਂ
ਕੱਦ ਨੀਂਦ ਨੇ ਆਪਣੇ
ਆਗੋਸ਼ ਵਿੱਚ ਭਰ ਲਿਆ
ਪਤਾ ਹੀ ਨਾ ਲੱਗਾ
ਅਚਾਨਕ ਅੱਖਾਂ ਸਾਹਵੇਂ
ਨੂਰੀ ਝਲਕ ਨੇ ਦੀਦਾਰ ਦਿੱਤਾ
ਚਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ
ਉਸ ਤੇਜ ਪ੍ਰਕਾਸ਼ ਨੂੰ ਦੇਖ
ਅੱਖਾਂ ਚੁੰਧਿਆ ਗਈਆਂ
ਖ਼ੁਸ਼ੀ ਦੇ ਆਲਮ ਵਿੱਚ ਦੋਵੇਂ ਹੱਥ ਜੋੜ
ਝੁੱਕ ਕੇ ਸੀਸ ਨਿਵਾਇਆ
ਲਰਜ਼ਦੀ ਅਵਾਜ਼ ਵਿੱਚ ਬੁਦਬੁਦਾਈ
ਕਿੱਥੇ ਸਉ ਮੇਰੇ ਪ੍ਰੀਤਮ
ਮੈਂ ਮੁੱਦਤਾਂ ਤੋਂ ਭੱਟਕ ਰਹੀ ਹਾਂ
ਆਪ ਦੀ ਤਲਾਸ਼ ਵਿੱਚ
ਮੇਰੇ ਗੁਰਦੇਵ ਮੈਨੂੰ ਰਸਤਾ ਦਿਖਾਉ
ਮੈਂ ਥੱਕ ਚੁੱਕੀ ਹਾਂ
ਗੁਰਦੇਵ ਮੁਸਕਰਾਏ ਤੇ ਕਿਹਾ
ਤੈਨੂੰ ਭੱਟਕਣ ਦੀ ਲੋੜ ਨਹੀਂ
ਜੋ ਮੈਨੂੰ ਮੁਹੱਬਤ ਕਰਦੇ ਨੇ
ਮੈਂ ਵੀ ਉਹਨਾਂ ਨੂੰ ਬਹੁਤ ਮੁਹੱਬਤ ਕਰਦਾ ਹਾਂ
ਮੈਂ ਤੇਰੇ ਨਾਲ ਹਾਂ ਹਮੇਸ਼ਾਂ ਤੇ
ਕਦੀ ਤੇਰਾ ਸਾਥ ਨਹੀਂ ਛੱਡਾਂਗਾ
ਕੋਈ ਵੀ ਦੁੱਖ ਤੈਨੂੰ ਹੁਣ
ਛੂ ਨਹੀਂ ਸਕੇਗਾ
ਮੰਤਰ ਮੁੱਗਧ ਮੈਂ ਆਪਣੇ
ਪ੍ਰੀਤਮ ਨੂੰ ਸੁਣਦੀ ਰਹੀ, ਦੇਖਦੀ ਰਹੀ
ਬਿਨਾ ਅੱਖ ਝਪਕੇ
ਉਸਦਾ ਤੇਜ ਜਲੌਅ ਦੇਖ
ਅੱਖਾਂ ਮੂੰਦ ਗਈਆਂ
ਲੂੰ ਲੂੰ ਰੁਸ਼ਨਾ ਗਿਆ
ਅਧਮੋਈ ਹੋਈ ਨੂੰ ਨਵਜੀਵਨ ਮਿਲ ਗਿਆ
ਆਪਣੇ ਪ੍ਰੀਤਮ ਦੀਆਂ ਗੱਲਾਂ ਸੁਣ
ਖ਼ੁਸ਼ੀ ਦੇ ਆਲਮ ਵਿੱਚ
ਮੈਂ ਖੀਵੀ ਹੁੰਦੀ ਜਾਵਾਂ
ਮੈ ਫਿਰ ਬੁਦਬੁਦਾਈ,
ਮੇਰੇ ਗੁਰਦੇਵ ਮੈਨੂੰ ਬਚਾ ਲੋ
ਮੈਨੂੰ ਇਸ ਭਵਸਾਗਰ ' ਚੋਂ,
ਬਾਹਰ ਨਿਕਾਲ ਦਿਉ
ਆਪਣੇ ਆਗੋਸ਼ ਵਿੱਚ ਭਰ ਲੋ
ਮੈਂ ਅਦ੍ਰਿਸ਼ ਹੋ ਜਾਣਾ ਚਾਹੁੰਦੀ ਹਾਂ
ਝੂਠੇ ਰਿਸ਼ਤਿਆਂ ਤੋਂ, ਫ਼ਰੇਬੀ ਲੋਕਾਂ ਤੋਂ
ਮੈਨੂੰ ਹੁਣ ਮੁਕਤ ਕਰ ਦਿਉ,
ਥੱਕ ਗਈ ਹਾਂ ਹੁਣ ਮੈਂ
ਮੈਥੋਂ ਨਹੀਂ ਹੁਣ ਜਰਿਆ ਜਾਂਦਾ,
ਸਕੂਨ ਨਾਲ ਜੀਊਣਾ ਚਾਹੁੰਦੀ ਹਾਂ
ਤੁਸੀਂ ਮੇਰਾ ਸਾਥ ਨਹੀਂ ਦਿਉਗੇ
ਤੇ ਮਰ ਜਾਵਾਂਗੀ ਮੈ
ਤੇਰੇ ਸਾਥ ਤੇ ਤੇਰੀ ਮੁਹੱਬਤ ਦੇ ਬਿਨਾਂ
ਮੈਂ ਜੀ ਨਹੀਂ ਸਕਾਂਗੀ, ਬਚਾ ਲੋ ਮੈਨੂੰ
ਇਕ ਕਾਂਬਾ ਛਿੜਿਆ,
ਨੀਂਦ ਟੁੱਟੀ, ਡੋਰ ਭੋਰ ਹੋਈ
ਇੱਧਰ ਉਧਰ ਦੇਖਦੀ ਹਾਂ, ਉਹ!
ਕੀ ਇਹ ਸੱਭ ਸੁਪਨਾ ਹੀ ਸੀ,
ਲਰਜ਼ਦੇ ਹੋਂਠ ਫਰਕਦੇ ਨੇ, ਬੁਦਬੁਦਾਉਂਦੀ ਹਾਂ
ਮੇਰੇ ਪ੍ਰੀਤਮ ਕਿੱਥੇ ਹੋ ਤੁਸੀਂ
ਹੁਣੇ ਤੇ ਮੇਰੇ ਨਾਲ, ਗੱਲਾਂ ਪਏ ਕਰਦੇ ਸਉ,
ਹੰਝੂ ਭਰੀਆਂ ਅੱਖਾਂ ਨਾਲ ਫਿਰ
ਇੱਧਰ ਉਧਰ ਦੇਖਦੀ ਹਾਂ,
ਉਹ ਨੂਰੀ ਝਲਕ ਕਿਤੇ ਨਹੀਂ ਸੀ
ਭਾਈ ਵੀਰ ਸਿੰਘ ਜੀ ਦੀ ਨਜ਼ਮ ਯਾਦ ਕਰ
ਬੁਦਬੁਦਾਉਂਦੀ ਹਾਂ।
" ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ।"

## ਪਾਣੀ ਦੀ ਕਮੀ: ਇੱਕ ਗੰਭੀਰ ਸਮੱਸਿਆ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ



ਪਾਣੀ ਦੀ ਕਮੀ ਇੱਕ ਗੰਭੀਰ ਸਮੱਸਿਆ ਹੈ ਜਿਸ ਦਾ ਸਾਹਮਣਾ ਭਾਰਤ ਕਰ ਰਿਹਾ ਹੈ। ਕੁਝ ਅਧਿਐਨਾਂ ਅਨੁਸਾਰ, ਜੇਕਰ ਪਾਣੀ ਦੀ ਵਰਤੋਂ ਦੀ ਮੌਜੂਦਾ ਦਰ ਜਾਰੀ ਰਹੀ, ਤਾਂ 2050 ਤੱਕ ਪਾਣੀ ਦੀ ਕਮੀ ਹੋ ਸਕਦੀ ਹੈ।

ਪੰਜਾਬ ਵਿੱਚ, ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ, ਜਿਸ ਨਾਲ ਭਵਿੱਖ ਵਿੱਚ ਪਾਣੀ ਦੀ ਕਮੀ ਹੋ ਸਕਦੀ ਹੈ। ਰਿਪੋਰਟਾਂ ਅਨੁਸਾਰ, ਪੰਜਾਬ ਦੇ 19 ਜ਼ਿਲ੍ਹੇ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ।

ਪਾਣੀ ਦੀ ਕਮੀ ਦੇ ਕਾਰਨਾਂ ਵਿੱਚ ਝੋਨੇ ਦੀ ਖੇਤੀ, ਸ਼ਹਿਰੀਕਰਨ, ਜਲਵਾਯੂ ਪਰਿਵਰਤਨ, ਅਤੇ ਪ੍ਰਦੂਸ਼ਣ ਸ਼ਾਮਲ ਹਨ।

ਪਾਣੀ ਦੀ ਕਮੀ ਨੂੰ ਰੋਕਣ ਲਈ ਕਈ ਉਪਾਅ ਕੀਤੇ ਜਾ ਸਕਦੇ ਹਨ। ਸਭ ਤੋਂ ਪਹਿਲਾਂ, ਪਾਣੀ ਦੀ ਸੰਭਾਲ ਕਰਨੀ ਚਾਹੀਦੀ ਹੈ। ਟਪਕਦੇ ਟੂਟੀਆਂ ਨੂੰ ਠੀਕ ਕਰਨਾ, ਪਾਣੀ ਦੀ ਵਰਤੋਂ ਘੱਟ ਕਰਨ ਵਾਲੇ ਡਿਵਾਈਸ ਲਗਾਉਣਾ, ਅਤੇ ਪਾਣੀ ਦੀ ਵਰਤੋਂ ਬਾਰੇ ਜਾਗਰੂਕਤਾ ਪੈਦਾ ਕਰਨਾ ਚਾਹੀਦਾ ਹੈ।

ਦੂਜਾ, ਸਸਟੇਨੇਬਲ ਖੇਤੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਝੋਨੇ ਦੀ ਖੇਤੀ ਨੂੰ ਘੱਟ ਕਰਨਾ, ਡਰਾਈ ਫਾਰਮਿੰਗ ਨੂੰ ਉਤਸ਼ਾਹਿਤ ਕਰਨਾ, ਅਤੇ ਪਾਣੀ ਦੀ ਸੰਭਾਲ ਵਾਲੀਆਂ ਫਸਲਾਂ ਦੀ ਖੇਤੀ ਕਰਨੀ ਚਾਹੀਦੀ ਹੈ।

ਤੀਜਾ, ਪਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਪਾਣੀ ਦੀ ਸ਼ੁੱਧਤਾ ਪ੍ਰਣਾਲੀਆਂ ਨੂੰ ਲਗਾਉਣਾ ਅਤੇ ਪਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ। ਸਰਕਾਰ ਨੂੰ ਪਾਣੀ ਦੀ ਕਮੀ ਨੂੰ ਰੋਕਣ ਲਈ ਪਹਿਲਕਦਮੀਆਂ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਾਣੀ ਦੀ ਸੰਭਾਲ ਲਈ ਕਾਨੂੰਨ ਬਣਾਉਣੇ, ਪਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਪ੍ਰਣਾਲੀਆਂ ਨੂੰ ਲਗਾਉਣਾ, ਅਤੇ ਜਲ ਸੰਭਾਲ ਪ੍ਰੋਗਰਾਮਾਂ ਨੂੰ ਲਗਾਉਣਾ ਚਾਹੀਦਾ ਹੈ।

ਪਾਣੀ ਦੀ ਕਮੀ ਇੱਕ ਗੰਭੀਰ ਸਮੱਸਿਆ ਹੈ, ਪਰ ਜੇਕਰ ਅਸੀਂ ਸਾਰੇ ਮਿਲ ਕੇ ਕੰਮ ਕਰੀਏ, ਤਾਂ ਅਸੀਂ ਇਸ ਨੂੰ ਰੋਕ ਸਕਦੇ ਹਾਂ।